ਸਿੱਖਿਆ ਮੰਤਰਾਲਾ

ਮੰਤਰੀ

315 Front Street West
Toronto ON M7A 0B8

**Ministère de l'Éducation**

Ministre

315, rue Front Ouest
Toronto ON M7A 0B8

Ontario

28 ਅਪ੍ਰੈਲ, 2020

ਪਿਆਰੇ ਮਾਤਾ-ਪਿਤਾ—

ਮੈਨੂੰ ਪੂਰੀ ਉਮੀਦ ਹੈ ਕਿ ਇਸ ਅਪੂਰਵ ਸਮੇਂ ਵਿੱਚ ਤੁਸੀਂ, ਤੁਹਾਡੇ ਬੱਚੇ ਅਤੇ ਤੁਹਾਡੇ ਪਰਿਵਾਰ ਸੁਰੱਖਿਅਤ ਅਤੇ ਸਿਹਤਮੰਦ ਹੋ।

ਪਿਛਲੇ ਕੁਝ ਹਫ਼ਤਿਆਂ ਵਿੱਚ, ਸਾਡੀ ਸਰਕਾਰ ਤੁਹਾਡੇ ਅਤੇ ਤੁਹਾਡੇ ਬੱਚਿਆਂ ਦੇ ਰਿਮੋਟ ਲਰਨਿੰਗ ਵੱਲ ਉਤਸਾਹ ਅਤੇ ਬਦਲਾਅ ਵਿੱਚ ਲਚਕੀਲੇਪਣ ਤੋਂ ਪ੍ਰੇਰਿਤ ਹੋਈ ਹੈ। ਅਸੀਂ ਜਾਣਦੇ ਹਾਂ ਕਿ ਇਹ ਸੌਖਾ ਨਹੀਂ ਹੈ, ਖ਼ਾਸਕਰ ਕੋਵਿਡ-19 ਦਾ ਜੋ ਤੁਹਾਡੇ ਜੀਵਨ ਅਤੇ ਰੁਜ਼ਗਾਰ ਉੱਤੇ ਡੂੰਘਾ ਅਸਰ ਪਿਆ ਹੈ। ਸਾਡੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਿੱਖਣ ਦੇ ਸਫਰ ਵਿੱਚ ਰੁੱਝੇ ਰੱਖਣ ਦੀ ਯੋਗਤਾ ਕਮਾਲ ਦੀ ਹੈ।

ਓਨਟੈਰੀਓ ਦੇ ਸਿੱਖਿਆ ਮੰਤਰੀ ਹੋਣ ਦੇ ਨਾਤੇ, ਮੈਂ ਤੁਹਾਨੂੰ ਕੋਵਿਡ-19 ਦੇ ਪ੍ਰਭਾਵਾਂ ਦੇ ਸੰਬੰਧ ਵਿੱਚ ਨਵੀਆਂ ਪ੍ਰਗਤੀਆਂ ਨਾਲ ਜਾਣੂ ਕਰਾਉਣ ਲਈ ਵਚਨਬੱਧ ਹਾਂ, ਖ਼ਾਸਕਰ ਜਦੋਂ ਗੱਲ ਬੱਚਿਆਂ ਦੀ ਦੇਖਭਾਲ, ਸ਼ੁਰੂਆਤੀ ਸਿਖਲਾਈ ਪ੍ਰੋਗਰਾਮਾਂ ਅਤੇ ਮੌਜੂਦਾ ਸਕੂਲ ਸਾਲ ਦੀ ਸਥਿਤੀ ਨਾਲ ਜੁੜੀ ਹੋਵੇ। ਸਾਡੀ ਸਰਕਾਰ ਇਸ ਮੁਸ਼ਕਲ ਸਮੇਂ ਦੌਰਾਨ ਤੁਹਾਡੀ ਅਤੇ ਤੁਹਾਡੇ ਬੱਚਿਆਂ ਦੀ ਮਦਦ ਕਰਨਾ ਜਾਰੀ ਰੱਖੇਗੀ।

ਸਾਡੀ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹਰ ਬੱਚੇ ਅਤੇ ਹਰੇਕ ਵਿਦਿਆਰਥੀ ਦੀ ਸੁਰੱਖਿਆ ਅਤੇ ਭਲਾਈ ਹੈ, ਅਤੇ ਉਨ੍ਹਾਂ ਦੀ ਜੋ ਉਹਨਾਂ ਦਾ ਪਾਲਣ-ਪੋਸ਼ਣ ਅਤੇ ਸਹਿਯੋਗ ਕਰਦੇ ਹਨ। ਵਿਦਿਆਰਥੀਆਂ ਨੂੰ ਕਲਾਸ ਵਿੱਚ ਸਿੱਖਣ ਦੇ ਮਾਡਲ ਵਿੱਚ ਫ਼ਿਰ ਤੋਂ ਸਵਾਗਤ ਕਰਨ ਲਈ ਕਿਸੇ ਵੀ ਵਿਕਲਪ 'ਤੇ ਵਿਚਾਰ ਕਰਨ ਦੇ ਸੰਬੰਧ ਵਿੱਚ, ਸਾਡੇ ਫੈਸਲੇ ਸੁਰੱਖਿਆ, ਇਕਸਾਰਤਾ ਅਤੇ ਜਨਤਕ ਸਿਹਤ ਅਧਿਕਾਰੀਆਂ ਦੇ ਨਿਰਦੇਸ਼ਾਂ 'ਤੇ ਅਧਾਰਤ ਹੋਣਗੇ। ਅਸੀਂ ਕਲਾਸ ਵਿੱਚ ਦੁਬਾਰਾ ਦਾਖਲ ਹੋਣ ਤੋਂ ਪਹਿਲਾਂ ਵਿਦਿਆਰਥੀਆਂ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਕਰਨ ਲਈ ਹਰ ਕਦਮ ਚੁੱਕੇ ਜਾਣ ਨੂੰ ਯਕੀਨੀ ਬਣਾਉਣ ਦੀ ਆਪਣੀ ਵਚਨਬੱਧਤਾ ਪ੍ਰਤੀ ਸਪੱਸ਼ਟ ਅਤੇ ਅਟੱਲ ਹਾਂ।

ਇਸ ਸਿਧਾਂਤ ਨੂੰ ਧਿਆਨ ਵਿੱਚ ਰੱਖਦਿਆਂ, ਸਾਡੀ ਸਰਕਾਰ ਨੇ ਇਹ ਹੁਕਮ ਜਾਰੀ ਕੀਤਾ ਹੈ ਕਿ ਘੱਟੋ-ਘੱਟ 31 ਮਈ, 2020 ਤੱਕ ਸੂਬੇ ਵਿੱਚ ਸਾਰੇ ਪਬਲਿਕ ਸਕੂਲ ਵਿਦਿਆਰਥੀਆਂ ਲਈ ਬੰਦ ਰਹਿਣਗੇ।

ਓਨਟੈਰੀਓ ਦੇ ਸਿਹਤ ਦੇ ਮੁੱਖ ਸਿਹਤ ਅਫਸਰ ਅਤੇ ਕੋਵਿਡ-19 ਕਮਾਂਡ ਟੇਬਲ ਦੀ ਮਾਹਰ ਸਲਾਹ ਨੇ ਸਾਡੇ ਫੈਸਲੇ ਦੀ ਜਾਣਕਾਰੀ ਦਿੱਤੀ ਹੈ। ਹਾਲਾਂਕਿ ਜਨਤਕ ਸਿਹਤ ਮਾਹਿਰਾਂ ਨੇ ਜੋ ਮਾਡਲ ਹਾਲ ਹੀ ਵਿੱਚ ਪੇਸ਼ ਕੀਤੀ ਹੈ ਉਹ ਦਿਖਾਉਂਦਾ ਹੈ ਕਿ ਅਸੀਂ ਅੱਗੇ ਵੱਧ ਰਹੇ ਹਾਂ, ਫਿਲਹਾਲ ਅਸੀਂ ਕੋਵਿਡ-19 ਵਿਰੁੱਧ ਸਾਡੀ ਲੜਾਈ ਦੇ ਅਜਿਹੇ ਪੜਾਅ 'ਤੇ ਨਹੀਂ ਹਾਂ ਜਿੱਥੇ ਵਿਦਿਆਰਥੀ ਸੁਰੱਖਿਅਤ ਅਤੇ ਵਿਸ਼ਵਾਸਪੂਰਨ ਢੰਗ ਨਾਲ ਆਪਣੀਆਂ ਕਲਾਸਾਂ ਵਿੱਚ ਵਾਪਸ ਆ ਸਕਣ।

ਮੈਨੂੰ ਪਤਾ ਹੈ ਕਿ ਇਹ ਖਬਰ ਤੁਹਾਡੇ ਵਿੱਚੋਂ ਬਹੁਤਿਆਂ ਲਈ ਨਿਰਾਸ਼ਾਜਨਕ ਹੈ। ਓਨਟੈਰੀਓ ਦੇ ਮਾਤਾ-ਪਿਤਾ ਦੀ ਹਮਦਰਦੀ ਅਤੇ ਪ੍ਰਤੀਬੱਧਤਾ ਲਗਾਤਾਰ ਬਣੀ ਹੋਈ ਹੈ। ਕਿਉਂਕਿ ਅਸੀਂ ਪਹਿਲੀ ਵਾਰ 12 ਮਾਰਚ ਨੂੰ ਇਨ-ਪਰਸਨ ਸਿਖਲਾਈ ਨੂੰ ਮੁਅੱਤਲ ਕਰਨ ਦਾ ਐਲਾਨ ਕੀਤਾ ਸੀ, ਸਾਨੂੰ ਪੂਰੇ ਸੂਬੇ ਦੇ ਮਾਤਾ-ਪਿਤਾ ਤੋਂ ਇਹ ਜਾਣਕਾਰੀ ਮਿਲ ਰਹੀ ਹੈ ਕਿ ਉਹ ਆਪਣੇ ਬੱਚਿਆਂ ਦੇ ਸਿੱਖਣ ਨੂੰ ਜਾਰੀ ਰੱਖਣ ਨੂੰ ਉਤਸ਼ਾਹਤ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰ ਰਹੇ ਹਨ। ਮਾਤਾ-ਪਿਤਾ ਅਤੇ ਪਰਿਵਾਰ ਧੀਰਜ ਦੇਣ ਦਾ ਹੈਰਾਨੀਜਨਕ ਸਰੋਤ ਰਹੇ ਹਨ ਕਿਉਂਕਿ ਬੱਚੇ ਇਸ ਵਿਸ਼ਵਵਿਆਪੀ ਪ੍ਰਕੋਪ ਵੱਲ ਵਿਲੱਖਣ ਪ੍ਰਤਿਕਿਰਿਆ ਦੇ ਰਹੇ ਹਨ।

.../p2

ਸਕੂਲ ਦੇ ਬੰਦ ਹੋਣ ਦੀ ਸ਼ੁਰੂਆਤ ਤੋਂ, ਸਿੱਖਣ ਦੀ ਨਿਰੰਤਰਤਾ ਬਣਾਏ ਰੱਖਣ ਲਈ ਸਾਡੀ ਯੋਜਨਾ ਮਹੱਤਵਪੂਰਣ ਅਤੇ ਸਫਲਤਾਪੂਰਵਕ ਢੰਗ ਨਾਲ ਵਿਕਸਤ ਹੋਈ ਹੈ। ਹਾਲ ਹੀ ਵਿੱਚ, ਅਸੀਂ ਸੂਬੇ ਵਿੱਚ ਅਧਿਆਪਕਾਂ ਦੀ ਅਗਵਾਈ ਵਾਲੀ ਸਿਖਲਾਈ ਨੂੰ ਮੁੜ ਪੇਸ਼ ਕੀਤਾ ਹੈ ਅਤੇ ਵਿਦਿਆਰਥੀਆਂ ਨੂੰ ਹੁਣ ਆਪਣੇ ਸਿੱਖਣ ਨੂੰ ਜਾਰੀ ਰੱਖਣ ਲਈ ਕੰਮ ਦਿੱਤਾ ਜਾ ਰਿਹਾ ਹੈ ਅਤੇ ਸਰੋਤ ਮੁਹੱਈਆ ਕਰਵਾਏ ਜਾ ਰਹੇ ਹਨ।

ਇਸ ਯੋਜਨਾ ਦੇ ਹਿੱਸੇ ਵਜੋਂ, ਅਸੀਂ ਸਿੱਖਿਆ ਸਮੱਗਰੀ ਅਤੇ ਤੁਹਾਡੇ ਬੱਚੇ ਦੇ ਅਧਿਆਪਕ ਦੁਆਰਾ ਨਿਰਧਾਰਤ ਕੰਮ ਦੇ ਅਧਾਰ 'ਤੇ ਮੌਜੂਦਾ ਹਫ਼ਤੇ ਵਿੱਚ ਵਿਦਿਆਰਥੀ ਦੇ ਕੰਮ ਦੇ ਸਮੇਂ ਦੀਆਂ ਉਮੀਦਾਂ ਦੀ ਰੂਪ ਰੇਖਾ ਤਿਆਰ ਕੀਤੀ ਹੈ। ਮੈਂ ਇਸ ਗੱਲ ਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਕਿਸੇ ਵੀ ਵਿਦਿਆਰਥੀ ਦੀ ਗ੍ਰੈਜੂਏਸ਼ਨ ਮੌਜੂਦਾ ਪ੍ਰਕੋਪ ਨਾਲ ਖ਼ਤਰੇ ਵਿੱਚ ਨਹੀਂ ਪਵੇਗੀ।

ਸਾਡੀ ਸਰਕਾਰ ਨੇ ਸਿੱਖਿਆ ਲਈ ਹੇਠਾਂ ਨਿਮਨਤਮ ਸੁਝਾਏ ਗਏ ਮਿਆਰ ਨਿਰਧਾਰਤ ਕੀਤੇ ਹਨ:

- ਕਿੰਡਰਗਾਰਟਨ ਤੋਂ ਗ੍ਰੇਡ 3: ਸਾਖਰਤਾ ਅਤੇ ਗਣਿਤ ਵੱਲ ਜ਼ਿਆਦਾ ਧਿਆਨ ਦਿੰਦੇ ਹੋਏ ਪ੍ਰਤੀ ਵਿਦਿਆਰਥੀ ਪ੍ਰਤੀ ਹਫ਼ਤੇ ਵਿੱਚ ਪੰਜ ਘੰਟਿਆਂ ਦਾ ਕੰਮ;
- ਗ੍ਰੇਡ 4 ਤੋਂ 6: ਸਾਖਰਤਾ, ਗਣਿਤ, ਵਿਗਿਆਨ ਅਤੇ ਸੋਸ਼ਲ ਸਟਡੀਜ਼ ਵੱਲ ਜ਼ਿਆਦਾ ਧਿਆਨ ਦਿੰਦੇ ਹੋਏ, ਹਰ ਹਫ਼ਤੇ ਪੰਜ ਘੰਟੇ ਕੰਮ;
- ਗ੍ਰੇਡ 7 ਤੋਂ 8: ਗਣਿਤ, ਸਾਖਰਤਾ, ਵਿਗਿਆਨ ਅਤੇ ਸੋਸ਼ਲ ਸਟਡੀਜ਼ ਵੱਲ ਜ਼ਿਆਦਾ ਧਿਆਨ ਦਿੰਦੇ ਹੋਏ, ਹਰ ਹਫ਼ਤੇ 10 ਘੰਟੇ ਕੰਮ; ਅਤੇ,
- ਗ੍ਰੇਡ 9 ਤੋਂ 12: ਕ੍ਰੈਡਿਟ ਸਮੂਹ ਅਤੇ ਗ੍ਰੈਜੂਏਸ਼ਨ ਵੱਲ ਜ਼ਿਆਦਾ ਧਿਆਨ ਦਿੰਦੇ ਹੋਏ, ਸੈਮੇਸਟਰ ਵਾਲੇ ਵਿਦਿਆਰਥੀਆਂ ਲਈ ਪ੍ਰਤੀ ਕੋਰਸ ਪ੍ਰਤੀ ਹਫ਼ਤੇ ਤਿੰਨ ਘੰਟੇ ਕੰਮ, ਅਤੇ ਗੈਰ-ਸੈਮੈਸਟਰ ਵਿਦਿਆਰਥੀਆਂ ਲਈ ਪ੍ਰਤੀ ਕੋਰਸ ਪ੍ਰਤੀ ਹਫ਼ਤੇ 1.5 ਘੰਟੇ ਕੰਮ।

ਹਾਲਾਂਕਿ ਸਮਝਿਆ ਜਾ ਸਕਦਾ ਹੈ ਕਿ ਇਸ ਸਮੇਂ ਦੌਰਾਨ ਵਿਦਿਅਕ ਤਜ਼ਰਬਿਆਂ ਵਿੱਚ ਅੰਤਰ ਹੋਣਾ ਲਾਜ਼ਮੀ ਹੈ, ਮੈਨੂੰ ਉਮੀਦ ਹੈ ਕਿ ਸਾਰੇ ਵਿਦਿਆਰਥੀਆਂ ਨੂੰ ਉਹਨਾਂ ਦੇ ਅਧਿਆਪਕਾਂ ਅਤੇ ਹੋਰ ਸਿੱਖਿਆ ਕਰਮਚਾਰੀਆਂ ਵੱਲੋਂ ਸਮਰਥਿਤ ਅਤੇ ਵਿਅਸਤ ਕੀਤਾ ਜਾਵੇਗਾ। ਅਸੀਂ ਉਨ੍ਹਾਂ ਅਧਿਆਪਕਾਂ ਦਾ ਧੰਨਵਾਦ ਕਰਨਾ ਚਾਹੁੰਦੇ ਹਾਂ ਜਿਹਨਾਂ ਨੇ ਇਨ੍ਹਾਂ ਅਸਾਧਾਰਣ ਸਥਿਤੀਆਂ ਨੂੰ ਅਪਣਾਇਆ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਦੇ ਵਿਦਿਆਰਥੀਆਂ ਨੂੰ ਬਿਹਤਰ ਹੋਣ ਅਤੇ ਆਪਣੀ ਯੋਗਤਾ ਮੁਤਾਬਕ ਹੋਰ ਅੱਗੇ ਵਧਣ ਦਾ ਹਰ ਮੌਕਾ ਮਿਲਦਾ ਰਹੇ। ਜੇ ਤੁਹਾਨੂੰ ਨਿਰਧਾਰਤ ਕੰਮ ਦੀ ਪੂਰਕਤਾ ਜਾਂ ਜਾਂ ਵਧੇ ਹੋਏ ਸੰਪਰਕ ਦੀ ਜ਼ਰੂਰਤ ਨਾਲ ਸੰਬੰਧਤ ਕੋਈ ਚਿੰਤਾਵਾਂ ਹਨ, ਤਾਂ ਤੁਹਾਨੂੰ ਆਪਣੇ ਪ੍ਰਿੰਸੀਪਲ ਜਾਂ ਸਕੂਲ ਬੋਰਡ ਨਾਲ ਸੰਪਰਕ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਅਸੀਂ ਇਸ ਪ੍ਰਕੋਪ ਦੇ ਸਮੇਂ ਉਹ ਹਰ ਸੰਭਵ ਕੋਸ਼ਿਸ਼ ਕਰਨਾ ਚਾਹੁੰਦੇ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੇ ਵਿਦਿਆਰਥੀਆਂ ਨੂੰ ਗੁਣਵੱਤਾ ਸਿੱਖਿਆ ਦਾ ਤਜਰਬਾ ਪ੍ਰਾਪਤ ਹੋਵੇ।

ਤੁਹਾਡੇ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਆਤਮਕ ਸਮਾਂ ਦੇਣ ਲਈ, ਅਸੀਂ ਬਾਕੀ ਰਹਿੰਦੇ ਪੇਸ਼ੇਵਰ ਗਤੀਵਿਧੀ (PA) ਅਤੇ ਪ੍ਰੀਖਿਆ ਦੇ ਦਿਨਾਂ ਨੂੰ ਸਿੱਖਿਆ ਸੰਬੰਧੀ ਸਮੇਂ ਵਿੱਚ ਬਦਲ ਰਹੇ ਹਾਂ। ਇਹ ਇਸ ਗੱਲ ਨੂੰ ਯਕੀਣੀ ਬਣਾਵੇਗਾ ਕਿ ਤੁਹਾਡੇ ਬੱਚੇ ਇਸ ਸਕੂਲ ਸਾਲ ਦੌਰਾਨ ਵੱਧ ਤੋਂ ਵੱਧ ਦਿਨਾਂ ਲਈ ਰੁੱਝੇ ਰਹਿਣ ਅਤੇ ਸਿੱਖਿਆ ਪ੍ਰਾਪਤ ਕਰਨ। ਸ਼ਾਇਦ ਹੁਣ ਪਹਿਲਾਂ ਨਾਲੋਂ ਵੀ ਜ਼ਿਆਦਾ, ਸਿੱਖਿਆ ਸੰਬੰਧੀ ਸਮਾਂ ਬਹੁਤ ਮਹੱਤਵਪੂਰਣ ਹੈ ਭਾਵੇਂ ਇਹ ਸਿਰਫ ਇੱਕ ਦਿਨ ਹੋਵੇ ਜਾਂ ਦੋ ਦਿਨ।

ਜਦੋਂ ਕਿ ਅਸੀਂ ਸਕੂਲ ਬੰਦ ਰਹਿਣ ਦੇ ਇਸ ਸਮੇਂ ਦੌਰਾਨ ਸਿੱਖਿਆ ਸੰਬੰਧੀ ਸਮੇਂ ਦੀ ਸਹੂਲਤ ਦੇਣ ਦੀ ਕੋਸ਼ਿਸ਼ ਕਰਦੇ ਹਾਂ, ਬਹੁਤ ਸਾਰੇ ਪਰਿਵਾਰਾਂ ਦੁਆਰਾ ਸਾਹਮਣਾ ਕੀਤੀਆਂ ਜਾ ਰਹੀਆਂ ਚੁਣੌਤੀਆਂ ਵਿੱਚੋਂ ਇੱਕ ਇਹ ਹੈ ਕਿ, ਇਸ ਡਿਜੀਟਲ ਦੌਰ ਵਿੱਚ ਵੀ, ਕੁਝ ਵਿਦਿਆਰਥੀਆਂ ਕੋਲ ਘਰ ਵਿੱਚ ਸਿੱਖਣ ਲਈ ਇੰਟਰਨੈਟ ਜਾਂ ਤਕਨਾਲੋਜੀ ਤੱਕ ਪਹੁੰਚ ਨਹੀਂ ਹੈ।

ਮੈਨੂੰ ਤੁਹਾਨੂੰ ਇਹ ਦੱਸਣ ਵਿੱਚ ਬਹੁਤ ਖੁਸ਼ੀ ਹੋ ਰਹੀ ਹੈ ਕਿ ਓਨਟੈਰੀਓ ਦੀ ਸਰਕਾਰ ਕੋਵਿਡ-19 ਪ੍ਰਕੋਪ ਦੌਰਾਨ ਵਿਦਿਆਰਥੀਆਂ ਅਤੇ ਪਰਿਵਾਰਾਂ ਦੀਆਂ ਵਿਦਿਅਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਰੋਜਰਜ਼ ਕਮਿਊਨੀਕੇਸ਼ਨ (Rogers Communications) ਅਤੇ ਐਪਲ (Apple) ਨਾਲ ਮਿਲ ਕੇ ਕੰਮ ਕਰ ਰਹੀ ਹੈ। ਸਕੂਲ ਬੋਰਡ ਵੱਲੋਂ ਅੱਜ ਤੱਕ, ਪਹਿਲਾਂ ਤੋਂ ਮੁਫਤ ਰੋਜਰਸ LTE ਵਾਇਰਲੈਸ ਡੇਟਾ ਨਾਲ ਲੈਸ 21,000 ਤੋਂ ਵੱਧ ਆਈਪੈਡ ਡਿਵਾਈਸਾਂ ਖਰੀਦਿਆਂ ਗਈਆਂ ਹਨ ਅਤੇ ਲੋੜਵੰਦ

.../p3

ਪਰਿਵਾਰਾਂ ਨੂੰ ਵੰਡੀਆਂ ਗਈਆਂ ਹਨ, ਇਸ ਲਈ $75 ਮਿਲੀਅਨ ਤੋਂ ਵੱਧ ਦੀ ਰਕਮ ਸੂਬਾਈ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਲੋੜਾਂ ਲਈ ਗ੍ਰਾਂਟ ਰਾਹੀਂ ਦਿੱਤੀ ਗਈ ਹੈ। ਇਸ ਤੋਂ ਇਲਾਵਾ, ਐਪਲ ਅਧਿਆਪਕਾਂ, ਮਾਪਿਆਂ ਅਤੇ ਵਿਦਿਆਰਥੀਆਂ ਨੂੰ ਫ੍ਰੈਂਚ ਅਤੇ ਅੰਗ੍ਰੇਜ਼ੀ ਵਿੱਚ ਸਿਖਾਉਣ ਅਤੇ ਘਰ ਤੋਂ ਕੰਮ ਕਰਨ ਵਿੱਚ ਸਹਾਇਤਾ ਕਰਨ ਲਈ ਸਰੋਤਾਂ ਦੇ ਭੰਡਾਰ ਨਾਲ ਮਦਦ ਪ੍ਰਦਾਨ ਕਰ ਰਿਹਾ ਹੈ। ਇਹ 21,000 ਪ੍ਰਦਾਨ ਕੀਤੀਆਂ ਗਈਆਂ ਡਿਵਾਈਸਾਂ ਉਨ੍ਹਾਂ 200,000 ਤੋਂ ਵੱਧ ਕੰਪਿਊਟਰਾਂ ਅਤੇ ਟੇਬਲੇਟਾਂ ਤੋਂ ਇਲਾਵਾ ਹਨ ਜੋ ਸਕੂਲ ਬੋਰਡਾਂ ਨੇ ਇਸ ਸਮੇਂ ਦੌਰਾਨ ਲੋੜਵੰਦ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀਆਂ ਹਨ।

ਰੋਜਰਸ ਓਨਟੈਰੀਓ ਦੇ ਸਕੂਲ ਬੋਰਡਾਂ ਨਾਲ ਓਨਟੈਰੀਓ ਵਿੱਚ ਸਬਸਿਡੀ ਵਾਲੇ ਕਿਰਾਏਦਾਰਾਂ ਅਤੇ ਰਿਹਾਇਸ਼ੀ ਭਾਈਵਾਲਾਂ ਦੇ ਮੈਂਬਰਾਂ ਨੂੰ ਸਫਲਤਾ ਲਈ ਜੁੜੋ ਪ੍ਰੋਗਰਾਮ, ਨਾਲ ਹੀ ਕੈਨੇਡਾ ਸਰਕਾਰ ਦੀ ਪਰਿਵਾਰਾਂ ਨੂੰ ਜੋੜਨਾ ਪਹਿਲਕਦਮੀ ਮੁਤਾਬਕ ਉੱਚ ਰਫਤਾਰ, ਘੱਟ ਕੀਮਤ ਵਾਲਾ ਇੰਟਰਨੈਟ ਮੁਹੱਈਆ ਕਰਵਾਉਣ ਲਈ ਵੀ ਕੰਮ ਕਰ ਰਿਹਾ ਹੈ।

ਇਸ ਤਰ੍ਹਾਂ ਦੀਆਂ ਭਾਈਵਾਲੀਆਂ – ਜਿਵੇਂ ਕਿ ਸਕੂਲ ਬੋਰਡਾਂ ਅਤੇ ਰੋਜਰਜ਼ ਕਮਿਊਨੀਕੇਸ਼ਨਜ਼ ਅਤੇ ਐਪਲ ਜਿਹੀਆਂ ਟੈਕਨਾਲੋਜੀ ਫਰਮਾਂ - ਸਚਮੁੱਚ ਓਨਟੈਰੀਓ ਦੀ ਭਾਵਨਾ ਦਰਸਾਉਂਦੀਆਂ ਹਨ।

ਜਦੋਂ ਕਿ ਅਸੀਂ ਮੌਜੂਦਾ ਸਕੂਲ ਸਾਲ ਵਿੱਚ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵਚਨਬੱਧ ਹਾਂ, ਸਾਡੀ ਸਰਕਾਰ ਨੇ ਪਹਿਲਾਂ ਹੀ 2020-2021 ਸਕੂਲ ਸਾਲ ਲਈ ਯੋਜਨਾ ਬਣਾਉਣੀ ਸ਼ੁਰੂ ਕਰ ਦਿੱਤੀ ਹੈ। ਹਾਲਾਂਕਿ ਇਹ ਸਕੂਲੀ ਸਾਲ ਪਹਿਲੀ ਵਾਰ ਵੇਖੇ ਗਏ ਕੁਝ ਕਾਰਨਾਂ ਕਰਕੇ ਅੱਧ ਵਿਚਕਾਰ ਰਹਿ ਗਿਆ ਹੈ, ਸਾਨੂੰ ਆਪਣੇ ਆਪ ਨੂੰ ਇਸ ਤੱਥ ਲਈ ਤਿਆਰ ਕਰਨ ਦੀ ਜ਼ਰੂਰਤ ਹੈ ਕਿ ਆਉਣ ਵਾਲੇ ਸਤੰਬਰ ਵਿੱਚ ਸਕੂਲ ਸ਼ਾਇਦ ਪਹਿਲਾਂ ਵਾਂਗ ਨਾ ਲੱਗੇ ਜਾਂ ਮਹਿਸੂਸ ਹੋਵੇ।

ਤੁਹਾਡੇ ਬੱਚਿਆਂ ਦੀ ਸੁਰੱਖਿਆ ਅਤੇ ਸਲਾਮਤੀ ਨੂੰ ਆਪਣਾ ਮਾਰਗ ਦਰਸ਼ਕ ਸਿਧਾਂਤ ਮੰਨਦੇ ਹੋਏ, ਮੈਂ ਤੁਹਾਨੂੰ ਯਕੀਨ ਦਿਵਾਵਾਂਗਾ ਕਿ ਵਿਦਿਆਰਥੀਆਂ ਅਤੇ ਛੋਟੇ ਸਿਖਿਆਰਥੀਆਂ ਦਾ ਕਲਾਸ ਵਿੱਚ ਮੁੜ ਸਵਾਗਤ ਕਰਨ ਤੋਂ ਪਹਿਲਾਂ ਸਕੂਲ, ਚਾਈਲਡ ਕੇਅਰ ਸੈਂਟਰ ਅਤੇ ਸਕੂਲ ਬੱਸਾਂ ਨੂੰ ਚੰਗੀ ਤਰ੍ਹਾਂ ਡੂੰਘਾਈ ਨਾਲ ਸਾਫ਼ ਕਰਨਾ ਪਵੇਗਾ। ਬੰਦ ਰਹਿਣ ਦੀ ਇਸ ਲੰਮੀ ਮਿਆਦ ਤੋਂ ਬਾਅਦ ਪੈਦਾ ਹੋਣ ਵਾਲੇ ਬਹੁਤ ਘੱਟ ਖਤਰੇ ਦੇ ਬਾਵਜੂਦ, ਅਸੀਂ ਚਾਹੁੰਦੇ ਹਾਂ ਕਿ ਹਰ ਵਿਦਿਆਰਥੀ ਸਕੂਲ ਵਿੱਚ ਵਾਪਸ ਆਉਣ 'ਤੇ ਆਪਣੇ ਆਪ ਨੂੰ ਸੁਰੱਖਿਅਤ ਅਤੇ ਵਿਸ਼ਵਾਸੀ ਮਹਿਸੂਸ ਕਰੇ।

ਹਿਦਾਇਤਾਂ ਦੇ ਸੰਦਰਭ ਵਿੱਚ, ਅਸੀਂ ਇਸ ਲੰਮੇ ਸਮੇਂ ਵਾਲੇ ਗਰਮੀਆਂ ਦੇ ਸਿਖਲਾਈ ਪ੍ਰੋਗਰਾਮ ਲਈ ਸਾਡੀ ਪ੍ਰਸਤਾਵਿਤ ਯੋਜਨਾ ਪੇਸ਼ ਕਰਾਂਗੇ ਜੋ ਵਿਦਿਆਰਥੀਆਂ ਨੂੰ ਗਰਮੀਆਂ ਵਿੱਚ ਸਿੱਖਣ ਨੂੰ ਜਾਰੀ ਰੱਖਣ ਦੇ ਸਮਰੱਥ ਕਰੇਗੀ, ਜੇ ਉਹਨਾਂ ਦੀ ਇੱਛਾ ਹੋਵੇ। ਹਾਲਾਂਕਿ ਆਮ ਤੌਰ ਤੇ 100,000 ਤੋਂ ਵੱਧ ਵਿਦਿਆਰਥੀ ਗਰਮੀਆਂ ਵਿੱਚ ਸਿਖਲਾਈ ਵਿੱਚ ਹਿੱਸਾ ਲੈਂਦੇ ਹਨ, ਪਰ ਅਸੀਂ ਜਾਣਦੇ ਹਾਂ ਕਿ ਬਹੁਤ ਸਾਰੇ ਹੋਰ ਵਿਦਿਆਰਥੀ ਇਸ ਸਕੂਲ ਸਾਲ ਦੇ ਰਸਮੀ ਤੌਰ 'ਤੇ ਖਤਮ ਹੋਣ ਤੋਂ ਬਾਅਦ ਆਪਣੇ ਅਧਿਆਪਕ ਦੀ ਅਗਵਾਈ ਵਾਲੀ ਸਿੱਖਿਆ ਨੂੰ ਜਾਰੀ ਰੱਖਣਾ ਚਾਹ ਸਕਦੇ ਹਨ। ਇਸ ਲੰਮੇ ਸਮੇਂ ਵਾਲੇ ਗਰਮੀਆਂ ਵਿੱਚ ਸਿਖਲਾਈ ਲਈ ਇਹ ਪ੍ਰਸਤਾਵਿਤ ਯੋਜਨਾ ਕ੍ਰੈਡਿਟ ਰਿਕਵਰੀ, ਕੋਰਸਾਂ ਨੂੰ ਅਪਗ੍ਰੇਡ ਕਰਨ ਦਾ ਇੱਕ ਨਵਾਂ ਵਿਕਲਪ, ਅਤੇ ਅੰਤਰਾਲ-ਸਮਾਪਤੀ ਪ੍ਰੋਗਰਾਮਾਂ ਅਤੇ ਕਮਜ਼ੋਰ ਵਿਦਿਆਰਥੀਆਂ ਲਈ ਮਦਦ 'ਤੇ ਕੇਂਦਰਤ ਰਹੇਗੀ।

ਸਾਡੀ ਸਰਕਾਰ ਸਮਝਦੀ ਹੈ ਕਿ ਕੋਵਿਡ-19 ਪ੍ਰਕੋਪ ਦਾ ਨਤੀਜਾ ਬੱਚਿਆਂ ਲਈ ਅਨਿਸ਼ਚਿਤਤਾ ਭਰਿਆ ਸਮਾਂ ਰਿਹਾ ਹੈ। ਸਾਨੂੰ ਸਾਰੇ ਵਿਦਿਆਰਥੀਆਂ ਦੀਆਂ ਭਾਵਨਾਤਮਕ ਅਤੇ ਮਾਨਸਿਕ ਸਿਹਤ ਜ਼ਰੂਰਤਾਂ ਵੱਲ ਧਿਆਨ ਦੇਣਾ ਜਾਰੀ ਰੱਖਣਾ ਚਾਹੀਦਾ ਹੈ, ਭਾਵੇਂ ਕਿ ਪ੍ਰੇਸ਼ਾਨੀ ਦੇ ਸੰਕੇਤ ਨਾ ਵੀ ਹੋਣ।

ਇਸ ਲਈ, ਸਾਡੀ ਸਰਕਾਰ ਨੇ ਸਕੂਲ ਬੋਰਡਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਮਾਨਸਿਕ ਸਿਹਤ ਕਰਮਚਾਰੀ ਅਤੇ ਪੇਸ਼ੇਵਰ ਸਟਾਫ ਤੁਰੰਤ, ਜ਼ਰੂਰਤ ਮੁਤਾਬਕ, ਵਿਦਿਆਰਥੀਆਂ ਨਾਲ ਇੱਕ ਸੁਰੱਖਿਅਤ ਅਤੇ ਰੱਖਿਅਤ ਗੱਲਬਾਤ ਨੂੰ ਯਕੀਨੀ ਬਣਾਉਣ। ਅਸੀਂ ਤੁਹਾਨੂੰ ਇਹ ਜਾਣਕਾਰੀ ਦੇਣਾ ਚਾਹੁੰਦੇ ਹਾਂ ਕਿ ਅਜਿਹੀਆਂ ਬਹੁਤ ਸਾਰੀਆਂ ਸੰਸਥਾਵਾਂ ਹਨ ਜੋ ਮਾਨਸਿਕ ਸਿਹਤ ਸੰਬੰਧੀ ਚਿੰਤਾਵਾਂ ਜਾਂ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਬੱਚਿਆਂ ਲਈ ਮਹੱਤਵਪੂਰਣ ਮਦਦ ਪ੍ਰਦਾਨ ਕਰਦੀਆਂ ਹਨ। ਜਿਵੇਂ ਕਿ, ਕਿਡਜ਼ ਹੈਲਪ ਫੋਨ ਸੂਬੇ ਭਰ ਵਿੱਚ 24/7 ਸਲਾਹ ਅਤੇ ਰੈਫਰਲ ਸੇਵਾਵਾਂ ਪ੍ਰਦਾਨ ਕਰਦਾ ਹੈ। ਇਸ ਮੁਫਤ ਸਰੋਤ ਦੀ ਵਰਤੋਂ ਕਰਨ ਲਈ, ਬੱਚੇ 1-800-668-6868 'ਤੇ ਕਾਲ ਕਰ ਸਕਦੇ ਹਨ, ਜਾਂ 686868 'ਤੇ CONNECT ਟੈਕਸਟ ਕਰ ਸਕਦੇ ਹਨ।

.../p4

ਚਾਈਲਡ ਕੇਅਰ ਸੈਂਟਰ ਅਤੇ ਅਰਲੀਔਨ ਚਾਈਲਡ ਐਂਡ ਫੈਮਲੀ ਪ੍ਰੋਗਰਾਮ ਘੱਟੋ-ਘੱਟ 6 ਮਈ, 2020 ਤੱਕ ਬੰਦ ਰਹਿਣਗੇ। ਜਿਵੇਂ ਹੀ ਅਸੀਂ ਦੁਬਾਰਾ ਖੋਲ੍ਹਣ ਬਾਰੇ ਫੈਸਲੇ ਲੈਂਦੇ ਹਾਂ, ਤਾਂ ਮੈਂ ਤੁਹਾਨੂੰ ਯਕੀਨ ਦਿਵਾ ਸਕਦਾ ਹਾਂ ਕਿ ਤੁਹਾਡੇ ਬੱਚਿਆਂ ਦੀ ਸਿਹਤ ਅਤੇ ਸੁਰੱਖਿਆ ਸਭ ਤੋਂ ਮਹੱਤਵਪੂਰਣ ਹੋਵੇਗੀ ਅਤੇ ਅਸੀਂ ਓਨਟੈਰੀਓ ਵਿੱਚ ਪ੍ਰਕੋਪ ਵੱਲ ਪ੍ਰਤੀਕ੍ਰਿਆ ਅਤੇ ਮੁੜ ਬਹਾਲੀ ਯੋਜਨਾ ਦਾ ਸਮਰਥਨ ਕਰਦੇ ਹਾਂ।

ਮੈਂ ਉਨ੍ਹਾਂ ਅਧਿਆਪਕਾਂ ਅਤੇ ਸਿੱਖਿਆ ਕਰਮਚਾਰੀਆਂ ਦਾ ਦਿਲੋਂ ਧੰਨਵਾਦ ਕਰਦਾ ਹਾਂ ਜੋ ਇਨ੍ਹਾਂ ਨਵੇਂ ਹਾਲਾਤਾਂ ਮੁਤਾਬਕ ਕੰਮ ਕਰ ਰਹੇ ਹਨ ਅਤੇ ਸਾਡੇ ਵਿਦਿਆਰਥੀਆਂ ਲਈ ਸਿੱਖਣ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਆਪਣੀ ਪੂਰੀ ਵਾਹ ਲਾ ਰਹੇ ਹਨ। ਹਾਲਾਂਕਿ ਅਸੀਂ ਇਸ ਗੱਲ ਦੀ ਗਰੰਟੀ ਨਹੀਂ ਦੇ ਸਕਦੇ ਕਿ ਸਾਡੀ ਚਾਈਲਡ ਕੇਅਰ ਅਤੇ ਸਿੱਖਿਆ ਪ੍ਰਣਾਲੀਆਂ ਵਿੱਚ "ਨਵਾਂ ਆਮ" ਕਿਸ ਤਰ੍ਹਾਂ ਦਾ ਹੋਵੇਗਾ, ਮੈਂ ਤੁਹਾਨੂੰ ਵਾਅਦਾ ਕਰਦਾ ਹਾਂ; ਕੀ ਕੋਈ ਵੀ ਅਜਿਹਾ ਫੈਸਲਾ ਨਹੀਂ ਲਿਆ ਜਾਵੇਗਾ ਜੋ ਇਹਨਾਂ ਸਵਾਲਾਂ ਦਾ "ਹਾਂ" ਵਿੱਚ ਜਵਾਬ ਨਾ ਦਿੰਦਾ ਹੋਵੇ: ਕੀ ਇਹ ਸਾਡੇ ਬੱਚਿਆਂ ਅਤੇ ਵਿਦਿਆਰਥੀਆਂ ਦੀ ਸਿਹਤ, ਸੁਰੱਖਿਆ ਅਤੇ ਸਲਾਮਤੀ ਨੂੰ ਪ੍ਰਫੁੱਲਤ ਕਰਦਾ ਹੈ?

ਇੱਥੇ ਨਾ ਕੋਈ ਸਵਾਲ — ਅਤੇ ਨਾ ਕੋਈ ਜਵਾਬ — ਇਸ ਤੋਂ ਜ਼ਿਆਦਾ ਮਹੱਤਵਪੂਰਨ ਹੈ।

ਸੁਰੱਖਿਅਤ ਰਹੋ,

ਮਾਨਯੋਗ ਸਟੀਫਨ ਲੈਚੇ
ਸਿੱਖਿਆ ਮੰਤਰੀ